بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ
لَا اِلٰہَ اِلَّا اللّٰہُ مُحَمَّدٌ رَّسُوۡلُ اللّٰہِ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

**Mob:** +919682536974, **E-Mail:** ansarullah@qadian.in ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਗ਼ਜ਼ਵਾ ਹੁਨੈਨ ਦੇ ਸੰਦਰਭ ਵਿੱਚ ਸੀਰਤਿ ਨਬਵੀ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਬਿਆਨ

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 26 ਸਤੰਬਰ 2025 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشۡهَدُ أَنۡ لَّآ إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ ۞ أَمَّا بَعۡدُ فَأَعُوۡذُ بِاللّٰهِ مِنَ الشَّيۡطٰنِ الرَّجِيۡمِ ۞ بِسۡمِ اللّٰهِ الرَّحۡمٰنِ الرَّحِيۡمِ ۞ اَلۡحَمۡدُ لِلّٰهِ رَبِّ الۡعٰلَمِيۡنَ ۞ اَلرَّحۡمٰنِ الرَّحِيۡمِ ۞ مٰلِكِ يَوۡمِ الدِّيۡنِ ۞ إِيَّاكَ نَعۡبُدُ وَإِيَّاكَ نَسۡتَعِيۡنُ ۞ إِهۡدِنَا الصِّرَاطَ الۡمُسۡتَقِيۡمَ ۞ صِرَاطَ الَّذِيۡنَ أَنۡعَمۡتَ عَلَيۡهِمۡ ۙ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ ۞

**ਤਸ਼ੱਹੁਦ**, **ਤਅੱਵੁਜ਼** ਅਤੇ **ਸੂਰਤ ਫ਼ਾਤਿਹਾ** ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਪਿਛਲੇ ਖ਼ੁਤਬੇ ਵਿੱਚ ਹੁਨੈਨ ਦੇ ਮਾਲਿ ਗ਼ਨੀਮਤ ਦੀ **ਵੰਡ** ਦਾ ਜ਼ਿਕਰ ਹੋ ਰਿਹਾ ਸੀ। ਇਸ ਬਾਰੇ ਕੁੱਝ ਹੋਰ ਤਫ਼ਸੀਲ ਵੀ ਹੈ। ਜਿਵੇਂ ਕਿ ਪਹਿਲਾਂ ਬਿਆਨ ਹੋ ਚੁੱਕਿਆ ਹੈ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਜਦ ਮਾਲਿ ਗ਼ਨੀਮਤ ਵੰਡਿਆ ਅਤੇ **ਮੁਜਾਹਿਦਾਂ** ਨੂੰ ਉਨ੍ਹਾਂ ਦੇ ਹਿੱਸੇ ਵੀ ਦਿੱਤੇ, ਅਲਬੱਤਾ ਜਿਹੜਾ ਖ਼ੁਮੁ੍ਸ ਸੀ ਉਹ ਤਕ਼ਰੀਬਨ ਸਾਰਾ ਦਾ ਸਾਰਾ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ **ਤਾਲੀਫ਼ਿ ਕ਼ਲੂਬ** ਦੇ ਲਈ ਕ਼ੁਰੈਸ਼ ਦੇ ਸਰਦਾਰਾਂ ਅਤੇ ਦੂਸਰੇ ਅਰਬ ਸਰਦਾਰਾਂ ਵਿੱਚ ਵੰਡ ਦਿੱਤਾ ਅਤੇ ਕਿਸੇ ਨੂੰ 100 ਊਠ ਦਿੱਤੇ ਅਤੇ ਕਿਸੇ ਨੂੰ 50 ਊਠ। ਦੂਸਰਿਆਂ ਨੂੰ ਇੰਨਾ ਜ਼ਿਆਦਾ ਮਾਲ ਦਿੱਤੇ ਜਾਣ 'ਤੇ ਅੰਸਾਰ ਦੇ ਕੁੱਝ ਨੌਜਵਾਨਾਂ ਨੇ ਇਸ ਨੂੰ ਮਹਿਸੂਸ ਕੀਤਾ ਅਤੇ ਇੰਝ ਸਮਝਿਆ ਕਿ ਜਿਵੇਂ ਕਿ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਪ੍ਰਤੀ ਆਪਣੀ **ਖ਼ਿਦਮਤ** ਅਤੇ **ਮੁਹੱਬਤ** ਦੀ ਵਜ੍ਹਾ ਨਾਲ਼ ਉਹ ਦੂਸਰਿਆਂ ਦੀ ਬਜਾਏ ਜ਼ਿਆਦਾ ਹੱਕ਼ਦਾਰ ਸਨ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਕਦੀ ਬੇ ਧਿਆਨੀ ਵਿੱਚ ਕੀਤੀ ਗਈ ਗੱਲ ਬਹੁਤ ਬੁਰੇ ਨਤੀਜੇ ਰੱਖਦੀ ਹੈ। ਫਿਰ ਵੀ ਕਿ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਵੰਡ 'ਤੇ ਅੰਸਾਰ ਦੇ ਨੌਜਵਾਨਾਂ ਨੇ ਨਾ ਪਸੰਦੀਦਗੀ ਦਾ ਇਜ਼ਹਾਰ ਕੀਤਾ ਸੀ ਪਰ ਸਭ ਨੇ ਨਹੀਂ ਕੀਤਾ ਸੀ। ਪਰ ਖ਼ੁਦਾ ਅਤੇ ਖ਼ੁਦਾ ਦੇ ਰਸੂਲ ਨੂੰ ਇਹ ਅਜਿਹੀ ਨਰਾਜ਼ ਕਰਨ ਵਾਲ਼ੀ ਗੱਲ ਸੀ ਕਿ ਅੰਸਾਰ ਨੂੰ ਰਹਿੰਦੀ ਦੁਨਿਆ ਤੱਕ ਇਸ ਦਾ **ਖ਼ਮਿਆਜ਼ਾ** ਭੁਗਤਣਾ ਪਿਆ ਹੈ। ਚੁਨਾਂਚਿ ਇਸ ਦਾ ਜ਼ਿਕਰ ਕਰਦੇ ਹੋਏ ਹਜ਼ਰਤ ਮੁਸਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਫ਼ਰਮਾਉਂਦੇ ਹਨ ਕਿ ਰਸੂਲ ਕਰੀਮ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਜਦ ਮੱਕਾ ਫ਼ਤਿਹ ਕੀਤਾ ਤਾਂ ਮੱਕੇ ਦੇ ਲੋਕ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਕੋਲ਼ ਆਏ ਜਿਨ੍ਹਾਂ ਦੀਆਂ ਨਿਗਾਹਾਂ ਇਮਾਨ ਨਾਲ਼ ਪੂਰੀ ਤਰ੍ਹਾਂ ਜਾਣੂ ਨਾ ਹੋਣ ਦੀ ਵਜ੍ਹਾ ਨਾਲ਼ ਅਜੇ ਦੁਨਿਆ ਵੱਲ ਹੀ ਸਨ, ਇਸ ਦੇ ਬਾਅਦ ਦੀ ਇੱਕ ਜੰਗ ਵਿੱਚ ਕੁੱਝ ਮਾਲ ਮੁਸਲਮਾਨਾਂ ਦੇ ਹੱਥ ਆਇਆ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਹ ਮਾਲ ਉਨ੍ਹਾਂ ਲੋਕਾਂ ਵਿੱਚ ਵੰਡ ਦਿੱਤਾ। ਇੱਕ ਅੰਸਾਰੀ ਨੌਜਵਾਨ ਨੇ ਕਿਸੇ ਮਜਲਿਸ ਵਿੱਚ ਕਿਹਾ ਕਿ ਸਾਡੀਆਂ ਤਲਵਾਰਾਂ ਤੋਂ **ਖ਼ੂਨ** ਟਪਕ ਰਿਹਾ ਹੈ ਅਤੇ ਰਸੂਲ ਕਰੀਮ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਮਾਲ ਆਪਣੇ **ਰਿਸ਼ਤੇਦਾਰਾਂ** ਨੂੰ ਦੇ ਦਿੱਤੇ ਹਨ।

ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਅੰਸਾਰ ਦੇ **ਵਡੇਰਿਆਂ** ਨੂੰ ਬੁਲਾਇਆ ਅਤੇ ਪੁੱਛਿਆ ਕਿ ਮੈਨੂੰ ਅਜਿਹੀ ਗੱਲ ਪਹੁੰਚੀ ਹੈ। ਅੰਸਾਰ ਰੋ ਪਏ ਅਤੇ ਕਿਹਾ ਕਿ ਕਿਸੇ **ਨਾਦਾਨ** ਨੇ ਕੀਤੀ ਹੈ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਨਹੀਂ ਐ ਅੰਸਾਰ! ਤੁਸੀਂ ਕਹਿ ਸਕਦੇ ਹੋ ਕਿ ਅਸੀਂ ਮੁਹੰਮਦ (ਸੱਲ-ਲੱਲਾਹੁ ਅਲੈਹਿ-ਵਸੱਲਮ) ਨੂੰ ਉਸ ਵੇਲ਼ੇ ਜਗ੍ਹਾ ਦਿੱਤੀ ਜਦ ਉਸਨੂੰ ਕੋਈ ਜਗ੍ਹਾ ਨਹੀਂ ਦਿੰਦਾ ਸੀ ਅਤੇ ਉਸ ਦੇ ਸ਼ਹਿਰ

ਵਾਲਿਆਂ ਨੇ ਉਸਨੂੰ ਕੱਢ ਦਿੱਤਾ ਸੀ। ਫਿਰ ਉਸ ਨੂੰ ਇੱਜ਼ਤ ਅਤੇ **ਫ਼ਤਿਹ ਮੰਦੀ** ਹਾਸਿਲ ਹੋਈ ਤਾਂ ਉਸ ਨੇ ਮਾਲ ਆਪਣੇ ਰਿਸ਼ਤੇਦਾਰਾਂ ਨੂੰ ਵੰਡ ਦਿੱਤਾ। ਇਸ 'ਤੇ ਅੰਸਾਰ ਦੀਆਂ ਚੀਕਾਂ ਨਿਕਲ ਗਈਆਂ ਅਤੇ ਉਨ੍ਹਾਂ ਨੇ ਕਿਹਾ ਕਿ ਯਾ ਰਸੂਲੁੱਲਾਹ! ਅਸੀਂ ਅਜਿਹਾ ਨਹੀਂ ਕਰਿੰਦੇ। ਫਿਰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਤੁਸੀਂ ਇਸੇ ਗੱਲ ਨੂੰ ਇੱਕ ਹੋਰ ਤਰ੍ਹਾਂ ਵੀ ਕਹਿ ਸਕਦੇ ਹੋ ਅਤੇ ਉਹ ਇਸ ਤਰ੍ਹਾਂ ਕਿ ਜਿਸ **ਸ਼ਖ਼ਸ** ਨੂੰ ਖ਼ੁਦਾ ਨੇ ਸਾਰੀ ਦੁਨਿਆ ਦੀ ਹਿਦਾਇਤ ਦੇ ਲਈ ਭੇਜਿਆ ਹੈ ਉਹ ਮੱਕੇ ਦੀ ਚੀਜ਼ ਸੀ ਪਰ ਖ਼ੁਦਾ ਉਸਨੂੰ ਮਦੀਨੇ ਵਿੱਚ ਲੈ ਗਿਆ ਅਤੇ ਫਿਰ ਖ਼ੁਦਾ ਨੇ ਆਪਣੇ ਜ਼ੋਰ ਅਤੇ ਤਾਕ਼ਤ ਨਾਲ ਮੱਕੇ ਨੂੰ ਉਸ ਦੇ ਲਈ ਫ਼ਤਿਹ ਕੀਤਾ ਉਸ ਵੇਲੇ ਮੱਕੇ ਵਾਲਿਆਂ ਨੂੰ ਖ਼ਿਆਲ ਸੀ ਕਿ ਉਨ੍ਹਾਂ ਦੀ ਚੀਜ਼ ਉਨ੍ਹਾਂ ਨੂੰ ਮਿਲ ਜਾਵੇਗੀ ਪਰ ਮੱਕੇ ਵਾਲੇ **ਭੇਡ** ਅਤੇ **ਬੱਕਰੀਆਂ** ਨੂੰ ਲੈ ਕੇ ਅਤੇ ਮਦੀਨੇ ਵਾਲੇ ਖ਼ੁਦਾ ਦੇ **ਰਸੂਲ** ਨੂੰ ਲੈ ਕੇ ਆਪਣੇ ਸ਼ਹਿਰ ਵੱਲ ਚਲੇ ਗਏ। ਫਿਰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਇਹ ਗੱਲ ਬੇਸ਼ਕ ਇੱਕ ਨਾਦਾਨ ਦੇ ਮੂੰਹੋਂ ਨਿਕਲੀ ਹੈ ਪਰ ਇਸ ਦੀ ਵਜ੍ਹਾ ਨਾਲ ਹੁਣ ਤੁਹਾਨੂੰ ਇਸ ਦੁਨਿਆ ਦੀ **ਹਕੂਮਤ** ਨਹੀਂ ਮਿਲ ਸਕਦੀ। ਹੁਣ ਤੁਹਾਡੀਆਂ ਖ਼ਿਦਮਤਾਂ ਦਾ ਬਦਲਾ ਤੁਹਾਨੂੰ **ਹੌਜ਼ਿ ਕੌਸਰ** 'ਤੇ ਹੀ ਮਿਲੇਗਾ। ਆਪ ਰਜ਼ਿ ਅੱਲਾਹੁ ਅਨਹੁ ਫ਼ਰਮਾਉਂਦੇ ਹਨ ਕਿ ਦੇਖ ਲਓ, **ਤਾਰੀਖ਼** ਦੱਸਦੀ ਹੈ ਕਿ 13 ਸਦੀਆਂ ਲੰਘ ਚੁੱਕੀਆਂ ਹਨ ਅਤੇ 14ਵੀਂ ਸਦੀ ਲੰਘ ਰਹੀ ਹੈ (ਬਲਕਿ ਹੁਣ ਤਾਂ ਉਹ ਵੀ ਲੰਘ ਗਈ ਹੈ) ਇਸ ਅਰਸੇ ਵਿੱਚ ਹਰ ਕ਼ੌਮ ਹੀ ਇਸਲਾਮ ਦੀ ਬਦੌਲਤ **ਬਾਦਸ਼ਾਹ** ਬਣੀ ਹੈ ਪਰ ਕੋਈ ਅੰਸਾਰੀ ਬਾਦਸ਼ਾਹ ਨਹੀਂ ਹੋ ਸਕਿਆ। ਸੋ ਕਈ ਵਾਰ ਇਕ ਸ਼ਖ਼ਸ ਦਾ ਕ਼ੌਲ ਸਾਰੀ ਕ਼ੌਮ ਦੇ ਲਈ ਨੁਕ਼ਸਾਨ ਦਾ ਕਾਰਨ ਹੋ ਸਕਦਾ ਹੈ।

ਹਜ਼ਰਤ ਮੁਸਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਨੇ ਇਹ **ਵਾਕ਼ਿਆ** ਆਪਣੇ ਇੱਕ ਖ਼ੁਤਬੇ ਵਿੱਚ ਬਿਆਨ ਕੀਤਾ ਅਤੇ ਇਸ ਨੂੰ ਬਿਆਨ ਕਰਕੇ ਜਮਾਅਤ ਨੂੰ ਨਸੀਹਤ ਫ਼ਰਮਾਈ, ਉਹ ਅੱਜ ਵੀ ਸਾਡੇ ਲਈ ਉਸੇ ਤਰ੍ਹਾਂ **ਅਹਿਮ** ਹੈ ਜਿਵੇਂ ਉਸ ਵੇਲੇ ਸੀ। ਆਪ ਰਜ਼ਿ ਅੱਲਾਹੁ ਅਨਹੁ ਨੇ ਫ਼ਰਮਾਇਆ ਕਿ ਉਹ ਲੋਕ ਜਿਹੜੇ **ਕ਼ੁਰਬਾਨੀ** ਇਸ ਲਈ ਕਰਦੇ ਹਨ ਕਿ ਉਨ੍ਹਾਂ ਨੂੰ ਕੋਈ **ਅਹੁਦਾ** ਮਿਲੇ ਜਾਂ **ਦੌਲਤ** ਵਗ਼ੈਰਾ ਮਿਲੇ, ਹਰਗਿਜ਼ ਮੇਰੇ ਬਲਾਉਣ 'ਤੇ (ਯਾਨੀ ਖ਼ਲੀਫ਼ਾ ਵਕ਼ਤ ਦੇ ਬੁਲਾਉਣ 'ਤੇ) ਕ਼ੁਰਬਾਨੀ ਦੇ ਲਈ ਨਾ ਆਉਣ ਬਲਕਿ ਉਹੀ ਲੋਕ ਆਉਣ ਜਿਹੜੇ ਖ਼ੁਦਾ ਦੇ ਲਈ ਕ਼ੁਰਬਾਨੀ ਕਰਦੇ ਹਨ। ਕਿਉਂਕਿ ਮੈਂ ਤਾਂ ਖ਼ੁਦ **ਕਮਜ਼ੋਰ** ਅਤੇ **ਬਿਮਾਰ** ਇਨਸਾਨ ਹਾਂ, ਮੈਂ ਕਿਸੇ ਦਾ **ਅਹਿਸਾਨ** ਨਹੀਂ ਚੁੱਕ ਸਕਦਾ। ਬਸ ਮੈਂ ਆਪਣੇ ਲਈ ਨਹੀਂ ਮੰਗਦਾ, ਜੋ ਖ਼ੁਦਾ ਤਆਲਾ ਦੇ ਲਈ ਦਿੰਦਾ ਹੈ ਉਹ ਦੇਵੇ ਤੇ ਖ਼ੁਦਾ ਤਆਲਾ ਉਸਦਾ ਬਦਲਾ ਵੀ ਦੇਵੇਗਾ। ਖ਼ੁਦਾ ਤਆਲਾ 'ਤੇ ਵਿਸ਼ਵਾਸ ਰੱਖਣਾ ਚਾਹੀਦਾ ਹੈ। ਜੇਕਰ ਉਹ ਚਾਹੇ ਤਾਂ ਇਸ ਦੁਨਿਆ ਵਿੱਚ ਦੇ ਦੇਵੇ ਅਤੇ ਜੇਕਰ ਉਹ ਚਾਹੇ ਤਾਂ ਆਖ਼ਿਰਤ ਵਿੱਚ ਦੇਵੇ। ਬਹਰ ਹਾਲ ਜਿਹੜਾ **ਇਖ਼ਲਾਸ** ਨਾਲ ਕ਼ੁਰਬਾਨੀ ਕਰਦਾ ਹੈ ਉਸ ਦੀ ਕ਼ੁਰਬਾਨੀ ਅਜਾਈਂ ਨਹੀਂ ਜਾਂਦੀ, ਮੋਮਿਨ ਦੀ ਕ਼ੁਰਬਾਨੀ ਨੂੰ ਕੋਈ ਅਜਾਈਂ ਨਹੀਂ ਕਰ ਸਕਦਾ। ਬਸ ਕ਼ੁਰਬਾਨੀ ਕਰਨ ਵਾਲੇ ਉਹੀ ਲੋਕ ਹਨ ਜਿਹੜੇ ਖ਼ੁਦਾ ਨੂੰ **ਮੱਦਿ ਨਜ਼ਰ** ਰੱਖਦੇ ਹਨ ਨਾ ਕਿ ਦੁਨਿਆ ਨੂੰ। ਹਜ਼ੂਰ ਅਨਵਨ ਨੇ ਫ਼ਰਮਾਇਆ ਕਿ ਇੱਕ ਉਮਰ ਨੂੰ ਪਹੁੰਚ ਕੇ ਜਮਾਅਤ ਦੇ ਲੋਕਾਂ ਵਿੱਚ ਵੀ ਇਹ ਖ਼ਿਆਲ ਪੈਦਾ ਹੋ ਜਾਂਦਾ ਹੈ ਕਿ ਸਾਡਾ ਇੰਨਾ **ਤਜੁਰਬਾ** ਹੈ, ਅਸੀਂ ਇੰਨਾ ਕੰਮ ਕੀਤਾ ਹੈ, ਸਾਨੂੰ ਇਸ ਦਾ ਰਿਵਾਰਡ ਮਿਲਣਾ ਚਾਹੀਦਾ ਹੈ, ਜਿਹੜਾ ਨਹੀਂ ਦਿੱਤਾ ਜਾਂਦਾ। ਉਹ ਸੋਚਣ ਕਿ ਕੀ ਸਿਰਫ਼ ਦੁਨਿਆ ਦਾ ਰਿਵਾਰਡ ਲੈਣਾ ਹੈ ਜਾਂ ਅੱਲਾਹ ਤਆਲਾ ਦੇ ਇਨਾਮਾਂ ਦਾ ਵਾਰਿਸ ਬਣਨਾ ਹੈ? ਅੰਸਾਰੁੱਲਾਹ ਦਾ **ਇਜਤਿਮਾਅ** ਵੀ ਅੱਜ ਤੋਂ ਹੋ ਰਿਹਾ ਹੈ, ਇਸ ਹਵਾਲੇ ਨਾਲ, ਕਿਉਂਕਿ ਇਸ ਉਮਰ ਵਿੱਚ ਖ਼ਿਆਲ ਆਉਂਦਾ ਹੈ ਜਦ ਤਜੁਰਬਾ ਹਾਸਿਲ ਹੋ ਜਾਂਦਾ ਹੈ, ਅੰਸਾਰ ਨੂੰ ਵੀ ਮੈਂ ਇਹ ਕਹਿੰਦਾ ਹਾਂ ਕਿ ਜੇਕਰ ਕਿਸੇ ਦੇ ਦਿਲ ਵਿੱਚ ਆਪਣੇ **ਤਜੁਰਬੇ** ਅਤੇ **ਖ਼ਿਦਮਤ** ਦੇ ਹਵਾਲੇ ਨਾਲ ਕੋਈ ਖ਼ਿਆਲ ਪੈਦਾ ਹੁੰਦਾ ਹੈ ਤਾਂ ਉਹ ਉਸਨੂੰ ਝਟਕ ਦੇਵੇ ਅਤੇ ਖ਼ੁਦਾ ਤਆਲਾ ਦੀ ਰਜ਼ਾ ਹਾਸਿਲ ਕਰਨ ਦੀ ਕੋਸ਼ਿਸ਼ ਕਰੇ। ਇਸ ਮੌਕ਼ੇ 'ਤੇ ਦਿਹਾਤੀਆਂ ਅਤੇ ਬੱਦੂਆਂ ਦੀ ਬੇ ਸਬਰੀ ਦਾ ਵੀ ਜ਼ਿਕਰ ਮਿਲਦਾ ਹੈ। ਮਾਲਿ ਗ਼ਨੀਮਤ ਦੀ ਵੰਡ ਵੇਲੇ ਕੁੱਝ ਬੱਦੂ ਲੋਕ ਵੀ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਆਲੇ ਦੁਆਲੇ ਇਕੱਠੇ ਹੋ ਗਏ ਅਤੇ ਮਾਲ ਦਾ **ਮੁਤਾਲਬਾ** ਕਰਨ ਲੱਗੇ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਬੱਦੂਆਂ ਦੀ ਇਸ ਬਦ ਤਹਿਜ਼ੀਬੀ 'ਤੇ ਉਨ੍ਹਾਂ ਨੂੰ ਕੋਈ ਝਿੜਕ ਨਹੀਂ ਕੀਤੀ, ਨਾ ਨਾਰਾਜ਼ ਹੋਏ ਬਲਕਿ ਮੁਸਕੁਰਾਉਂਦੇ ਹੋਏ ਅਹਸਨ ਰੰਗ ਵਿੱਚ ਉਨ੍ਹਾਂ ਦੀ ਤਰਬੀਅਤ ਫ਼ਰਮਾਈ ਅਤੇ ਉਨ੍ਹਾਂ ਨੂੰ ਮਾਲ ਨਾਲ ਵੀ ਨਵਾਜ਼ਿਆ।

ਹਜ਼ਰਤ ਮੁਸਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਫ਼ਰਮਾਉਂਦੇ ਹਨ ਕਿ ਇਨ੍ਹਾਂ ਜੰਗਾਂ ਤੋਂ ਵਿਹਲੇ ਹੋਣ ਦੇ ਬਾਅਦ ਉਹ ਮਾਲ ਜਿਹੜੇ ਹਾਰੇ ਹੋਏ ਦੁਸ਼ਮਣ ਦੇ ਜੁਰਮਾਨਿਆ ਅਤੇ **ਮੈਦਾਨਿ ਜੰਗ** ਵਿੱਚ ਛੱਡੀ ਹੋਈ ਚੀਜ਼ਾਂ ਨਾਲ਼ ਜਮ੍ਹਾ ਹੋਏ ਸਨ ਦਸਤੂਰ ਦੇ ਮੁਤਾਬਿਕ਼ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਇਸਲਾਮੀ ਫ਼ੌਜ ਵਿੱਚ ਵੰਡਣੇ ਸਨ ਪਰ ਇਸ ਮੌਕ਼ੇ 'ਤੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਬਜਾਏ ਇਸ ਮਾਲ ਨੂੰ ਮੁਸਲਮਾਨਾਂ ਵਿੱਚ ਵੰਡਣ ਦੇ, ਮੱਕੇ ਅਤੇ ਆਲ਼ੇ ਦੁਆਲ਼ੇ ਦੇ ਲੋਕਾਂ ਵਿੱਚ ਵੰਡ ਦਿੱਤਾ। ਇਨ੍ਹਾਂ ਲੋਕਾਂ ਦੇ ਅੰਦਰ ਅਜੇ ਇਮਾਨ ਤਾਂ ਪੈਦਾ ਨਹੀਂ ਹੋਇਆ ਸੀ, ਬਹੁਤੇ ਤਾਂ ਅਜੇ ਕਾਫ਼ਿਰ ਹੀ ਸਨ ਅਤੇ ਜਿਹੜੇ ਮੁਸਲਮਾਨ ਸਨ ਉਹ ਵੀ ਨਵੇਂ ਨਵੇਂ ਮੁਸਲਮਾਨ ਹੋਏ ਸਨ। ਇਹ ਉਨ੍ਹਾਂ ਦੇ ਲਈ ਬਿਲਕੁਲ ਨਵੀਂ ਚੀਜ਼ ਸੀ ਕਿ ਇੱਕ ਕ਼ੌਮ ਆਪਣਾ **ਮਾਲ** ਦੂਸਰੇ ਲੋਕਾਂ ਵਿੱਚ ਵੰਡ ਰਹੀ ਹੈ। ਕੁੱਝ ਲੋਕਾਂ ਵਿੱਚ ਇਸ ਮਾਲ ਦੀ ਵੰਡ ਨਾਲ਼ ਬਜਾਏ ਇਸ ਦੇ ਕਿ ਉਨ੍ਹਾਂ ਦੇ ਦਿਲ ਵਿੱਚ **ਨੇਕੀ** ਅਤੇ **ਤਕ਼ਵਾ** ਪੈਦਾ ਹੁੰਦਾ, **ਹਿਰਸ** ਹੋਰ ਵੀ ਵਧ ਗਈ। ਉਨ੍ਹਾਂ ਨੇ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਆਲ਼ੇ ਦੁਆਲ਼ੇ ਝਮਘੱਟਾ ਪਾ ਲਿਆ ਅਤੇ ਹੋਰ ਮੰਗਾਂ ਦੇ ਨਾਲ਼ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਤੰਗ ਕਰਨਾ ਸ਼ੁਰੂ ਕੀਤਾ। ਇਥੋਂ ਤੱਕ ਕਿ **ਧਕੇਲਦੇ** ਹੋਏ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਇੱਕ ਦਰਖ਼ਤ ਤੱਕ ਲੈ ਗਏ ਅਤੇ ਇੱਕ ਸ਼ਖ਼ਸ ਨੇ ਤਾਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਚਾਦਰ ਜਿਹੜੀ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਮੋਢਿਆਂ 'ਤੇ ਰੱਖੀ ਹੋਈ ਸੀ, ਫੜ ਕੇ ਇਸ ਤਰ੍ਹਾਂ ਮਰੋੜਣੀ ਸ਼ੁਰੂ ਕੀਤੀ ਕਿ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ **ਸਾਹ** ਰੁਕਣ ਲੱਗਾ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਐ ਲੋਕੋ! ਜੇਕਰ ਮੇਰੇ ਕੋਲ਼ ਕੁੱਝ ਹੋਰ ਹੁੰਦਾ ਤਾਂ ਮੈਂ ਉਹ ਵੀ ਤੁਹਾਨੂੰ ਦੇ ਦਿੰਦਾ, ਤੁਸੀਂ ਮੈਨੂੰ ਕਦੇ ਵੀ **ਕੰਜੂਸ** ਜਾਂ **ਬੁਜ਼ਦਿਲ** ਨਹੀਂ ਪਾਓਗੇ।

ਫਿਰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਆਪਣੀ ਊਠਣੀ ਦੇ ਕੋਲ਼ ਗਏ ਅਤੇ ਉਸ ਦਾ ਇੱਕ **ਵਾਲ਼** ਤੋੜਿਆ ਅਤੇ ਉਸ ਨੂੰ ਉੱਚਾ ਕੀਤਾ ਅਤੇ ਫ਼ਰਮਾਇਆ ਕਿ ਐ ਲੋਕੋ! ਮੈਨੂੰ ਤੁਹਾਡੇ ਮਾਲਾਂ ਵਿੱਚੋਂ ਇਸ ਵਾਲ਼ ਦੇ ਬਰਾਬਰ ਵੀ ਲੋੜ ਨਹੀਂ ਸਿਵਾਏ ਉਸ ਪੰਜਵੇਂ ਹਿੱਸੇ ਦੇ ਜਿਹੜਾ ਅਰਬ ਦੇ ਕ਼ਾਨੂੰਨ ਦੇ ਮੁਤਾਬਿਕ਼ ਹਕੂਮਤ ਦਾ ਹਿੱਸਾ ਹੈ। ਅਤੇ ਉਹ ਪੰਜੇ ਹਿੱਸੇ ਵੀ ਮੈਂ ਆਪਣੀ ਜ਼ਾਤ 'ਤੇ ਖ਼ਰਚ ਨਹੀਂ ਕਰਦਾ ਬਲਕਿ ਉਹ ਵੀ ਤੁਹਾਡੇ ਲੋਕਾਂ ਦੇ ਕੰਮਾਂ 'ਤੇ ਖ਼ਰਚ ਕੀਤਾ ਜਾਂਦਾ ਹੈ। ਅਤੇ ਯਾਦ ਰੱਖੋ ਕਿ **ਖ਼ਿਆਨਤ** ਕਰਨ ਵਾਲ਼ਾ ਇਨਸਾਨ **ਕ਼ਿਆਮਤ** ਦੇ ਦਿਨ ਖ਼ੁਦਾ ਦੇ ਹਜ਼ੂਰ ਇਸ **ਖ਼ਿਆਨਤ** ਦੀ ਵਜ੍ਹਾ ਨਾਲ਼ **ਜ਼ਲੀਲ** ਹੋਵੇਗਾ। ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਲੋਕ ਕਹਿੰਦੇ ਹਨ ਕਿ ਮੁਹੰਮਦ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਬਾਦਸ਼ਾਹਤ ਦੇ ਖ਼ਾਹਿਸ਼ਮੰਦ ਸਨ। ਕੀ **ਬਾਦਸ਼ਾਹ** ਅਤੇ **ਅਵਾਮ** ਦਾ ਅਜਿਹਾ ਹੀ ਤਅੱਲੁਕ਼ ਹੁੰਦਾ ਹੈ, ਕੀ ਕਿਸੇ ਦੀ ਤਾਕ਼ਤ ਹੁੰਦੀ ਹੈ ਕਿ ਬਾਦਸ਼ਾਹ ਨੂੰ ਇਸ ਤਰ੍ਹਾਂ ਧਕੇਲਦਾ ਹੋਇਆ ਲੈ ਜਾਵੇ ਅਤੇ ਉਸ ਦੇ ਗਲ਼ੇ ਵਿੱਚ ਪਟਕਾ ਪਾ ਕੇ ਉਸਨੂੰ ਘੁੱਟੇ? ਅੱਲਾਹ ਦੇ ਰਸੂਲਾਂ ਦੇ ਸਿਵਾ ਇਹ ਨਮੂਨਾ ਕੌਣ ਦਿਖਾ ਸਕਦਾ ਹੈ ਪਰ ਬਾਵਜੂਦ ਇਸ ਤਰ੍ਹਾਂ ਸਾਰਾ ਮਾਲ ਗ਼ਰੀਬਾਂ ਵਿੱਚ ਵੰਡਣ ਦੇ ਫਿਰ ਵੀ ਅਜਿਹੇ **ਸੰਗ ਦਿਲ** ਲੋਕ ਮੌਜੂਦ ਸਨ ਜਿਹੜੇ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਵੰਡ ਨੂੰ ਇਨਸਾਫ਼ ਦੀ ਵੰਡ ਨਹੀਂ ਸਮਝਦੇ ਸਨ।

ਹਦੀਸ ਵਿੱਚ ਰਿਵਾਇਤ ਮਿਲ਼ਦੀ ਹੈ ਕਿ ਮਾਲਿ ਗ਼ਨੀਮਤ ਦੀ ਵੰਡ ਦੇ ਦੌਰਾਨ ਇੱਕ ਬੱਦੂ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਖ਼ਿਦਮਤ ਵਿੱਚ ਹਾਜ਼ਿਰ ਹੋਇਆ ਅਤੇ ਕਹਿਣ ਲੱਗਾ ਕਿ ਐ ਮੁਹੰਮਦ! (ਸੱਲ-ਲੱਲਾਹੁ ਅਲੈਹਿ-ਵਸੱਲਮ) ਆਪ ਨੇ ਜਿਹੜਾ ਮੇਰੇ ਨਾਲ਼ **ਵਾਅਦਾ** ਕੀਤਾ ਸੀ ਉਸਨੂੰ ਪੂਰਾ ਕਰੋ। ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਖ਼ੁਸ਼ ਹੋ ਜਾ। ਉਹ ਬੱਦੂ ਕਹਿਣ ਲੱਗਾ ਕਿ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਬਹੁਤ ਵਾਰ ਇਹੀ ਕਿਹਾ ਹੈ ਕਿ ਖ਼ੁਸ਼ ਹੋ ਜਾ, ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਦਿੱਤਾ ਕੁੱਝ ਨਹੀਂ ਬਸ ਕਹਿੰਦੇ ਹੀ ਰਹਿੰਦੇ ਹੋ। ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਉਸ ਦਾ ਇਹ ਰੱਦਿ ਅਮਲ ਬਹੁਤ **ਨਾਗਵਾਰ** ਗੁਜ਼ਰਿਆ, ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਸਦੇ ਵੱਲੋਂ ਆਪਣਾ ਚਿਹਰਾ ਮੁਬਾਰਕ ਹਟਾ ਲਿਆ। ਉੱਥੇ ਹਜ਼ਰਤ ਅਬੂ ਮੂਸਾ ਅਸ਼ਅਰੀ ਰਜ਼ਿ ਅੱਲਾਹੁ ਅਨਹੁ ਅਤੇ ਹਜ਼ਰਤ ਬਿਲਾਲ ਰਜ਼ਿ ਅੱਲਾਹੁ ਅਨਹੁ ਖੜੇ ਸਨ, ਉਨ੍ਹਾਂ ਦੇ ਵੱਲ ਆਪਣਾ ਚਿਹਰਾ ਕਰਦੇ ਹੋਏ ਫ਼ਰਮਾਇਆ ਕਿ ਇਸ ਨੇ ਤਾਂ **ਖ਼ੁਸ਼ਖ਼ਬਰੀ** ਕ਼ਬੂਲ ਕਰਨ ਤੋਂ ਇਨਕਾਰ ਕਰ ਦਿੱਤਾ ਹੈ, ਹੁਣ ਤੁਸੀਂ ਕ਼ਬੂਲ ਕਰ ਲਵੋ। ਦੋਹਾਂ ਨੇ ਇਹ ਸੁਣਿਆ ਤਾਂ ਫ਼ੌਰਨ ਬੋਲੇ ਯਾ ਰਸੂਲੁੱਲਾਹ! ਅਸੀਂ ਕ਼ਬੂਲ ਕਰ ਲਈ। ਇਸ ਦੇ ਬਾਅਦ ਆਪ ਸੱਲ-

ਲੱਲਾਹੁ ਅਲੈਹਿ-ਵਸੱਲਮ ਨੇ ਪਾਣੀ ਦਾ **ਪਿਆਲਾ** ਮੰਗਵਾਇਆ ਅਤੇ ਉਸ ਵਿੱਚ ਆਪਣਾ ਹੱਥ ਅਤੇ ਮੂੰਹ ਧੋਤਾ ਫਿਰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਹ ਬਚਿਆ ਹੋਇਆ ਪਾਣੀ ਹਜ਼ਰਤ ਅਬੂ ਮੂਸਾ ਅਸ਼ਅਰੀ ਰਜ਼ਿ ਅੱਲਾਹੁ ਅਨਹੁ ਅਤੇ ਹਜ਼ਰਤ ਬਿਲਾਲ ਰਜ਼ਿ ਅੱਲਾਹੁ ਅਨਹੁ ਨੂੰ ਦਿੰਦੇ ਹੋਏ ਫ਼ਰਮਾਇਆ ਕਿ ਤੁਸੀਂ ਦੋਹੇਂ ਇਸ ਪਾਣੀ ਨੂੰ ਪੀ ਲਵੋ ਅਤੇ ਆਪਣੇ **ਚਿਹਰੇ** ਅਤੇ **ਸੀਨੇ** 'ਤੇ ਪਾ ਲਵੋ ਅਤੇ **ਖ਼ੁਸ਼** ਹੋ ਜਾਓ। ਚੁਨਾਂਚਿ ਉਨ੍ਹਾਂ ਨੇ ਪਿਆਲਾ ਲੈ ਕੇ ਅਜਿਹਾ ਹੀ ਕੀਤਾ। ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਇੱਥੋਂ ਅਜ਼ਵਾਜਿ ਮੁਤੱਹਰਾਤ ਦੇ **ਇਖ਼ਲਾਸ** ਅਤੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਬਾ-ਬਰਕਤ ਜ਼ਾਤ ਤੋਂ **ਬਰਕਤ** ਹਾਸਿਲ ਕਰਨ ਦੀ **ਪਿਆਸ** ਦਾ ਵੀ ਇੱਕ ਅਜੀਬ ਅਤੇ **ਕ਼ਾਬਿਲਿ ਰਸ਼ਕ ਨਜ਼ਾਰਾ** ਵੀ ਨਜ਼ਰ ਆਉਂਦਾ ਹੈ। ਲਿਖਿਆ ਹੈ ਕਿ ਨੇੜੇ ਹੀ ਇੱਕ ਖ਼ੇਮੇ ਵਿੱਚ ਉੱਮੁਲ ਮੋਮਿਨੀਨ ਹਜ਼ਰਤ ਉੱਮਿ ਸਲਮਾ ਰਜ਼ਿ ਅੱਲਾਹੁ ਅਨਹਾ ਵੀ ਸਨ। ਉਨਾਂ ਨੇ ਪਰਦੇ ਦੇ ਪਿੱਛੋਂ ਹੀ ਉਨ੍ਹਾਂ ਨੂੰ ਕਿਹਾ ਕਿ ਆਪਣੀ ਮਾਂ ਦੇ ਲਈ ਵੀ ਪਾਣੀ ਬਚਾਉਣਾ। ਚੁਨਾਂਚਿ ਉਨ੍ਹਾਂ ਨੇ ਹਜ਼ਰਤ ਉੱਮਿ ਸਲਮਾ ਰਜ਼ਿ ਅੱਲਾਹੁ ਅਨਹਾ ਦੇ ਲਈ ਵੀ ਕੁੱਝ ਪਾਣੀ ਪਿਆਲੇ ਵਿੱਚ ਛੱਡ ਦਿੱਤਾ।

ਆਖ਼ਿਰ 'ਤੇ ਹਜ਼ੂਰ ਅਨਵਰ ਨੇ ਦੋ ਮਰਹੂਮਾਂ ਦਾ ਜ਼ਿਕਰ ਫ਼ਰਮਾਇਆ:

ਮੁਕੱਰਮ ਫ਼ਹੀਮੁੱਦ ਦੀਨ ਨਾਸਿਰ ਸਾਹਿਬ ਮੁਬੱਲਿਗ਼ਿ ਸਿਲਸਿਲਾ ਰੋਮਾਨੀਆ। ਇਨ੍ਹਾਂ ਦੇ ਖ਼ਾਨਦਾਨ ਵਿੱਚ ਅਹਮਦਿੱਯਤ ਇਨ੍ਹਾਂ ਦੇ ਪੜਦਾਦਾ ਹਜ਼ਰਤ ਮਿਰਜ਼ਾ ਇਲਮ ਦੀਨ ਸਾਹਿਬ ਰਜ਼ਿ ਅੱਲਾਹੁ ਅਨਹੁ ਦੇ ਜ਼ਰੀਏ ਆਈ। ਮਰਹੂਮ ਨੇ ਜੂਨ 1996 ਈ: ਵਿੱਚ ਜਾਮਿਆ ਪਾਸ ਕੀਤਾ ਅਤੇ ਫਿਰ ਇਨ੍ਹਾਂ ਨੇ **ਤਫ਼ਸੀਰਿ ਕ਼ੁਰਆਨ** ਵਿੱਚ ਸਪੈਸ਼ਲ ਡਿਗਰੀ ਵੀ ਕੀਤੀ। 2006 ਈ: ਵਿੱਚ ਇਨ੍ਹਾਂ ਨੂੰ ਰੋਮਾਨੀਆ ਭਿਜਵਾਇਆ ਗਿਆ ਅਤੇ ਵਫ਼ਾਤ ਤੱਕ ਉੱਥੇ ਖ਼ਿਦਮਤ ਦੀ ਤੌਫ਼ੀਕ਼ ਪਾਉਂਦੇ ਰਹੇ। ਹਜ਼ੂਰ ਅਨਵਰ ਨੇ ਫ਼ਰਮਾਇਆ ਹੈ ਕਿ ਇਹ ਗ਼ੈਰ ਮੁਲਕ ਵਿੱਚ ਦੀਨ ਦੀ ਖ਼ਾਤਿਰ ਕ਼ੁਰਬਾਨ ਹੋਏ ਇਸ ਲਿਹਾਜ਼ ਨਾਲ ਇਨ੍ਹਾਂ ਦਾ ਮੁਕ਼ਾਮ **ਸ਼ਹੀਦ** ਦਾ ਮੁਕ਼ਾਮ ਹੀ ਹੈ। ਆਖ਼ਰੀ ਸਾਹ ਤੱਕ ਆਪਣੇ **ਐਹਦਿ ਵਫ਼ਾ** ਨੂੰ ਨਿਭਾਇਆ ਅਤੇ ਖ਼ੂਬ ਨਿਭਾਇਆ। ਫ਼ਰਮਾਇਆ, ਯਕ਼ੀਨਨ ਫ਼ਹੀਮ ਨਾਸਿਰ ਮਰਹੂਮ ਦਾ ਕਿਰਦਾਰ ਅਤੇ ਨਮੂਨਾ ਖ਼ਾਸ ਤੌਰ 'ਤੇ ਵਾਕ਼ਫ਼ੀਨਿ ਜ਼ਿੰਦਗੀ ਦੇ ਲਈ ਇੱਕ ਸਬਕ਼ ਹੈ।

ਮੁਕੱਰਮ ਅਬਦੁਲ ਅਲੀਮ ਫ਼ਾਰੂਕ਼ੀ ਸਾਹਿਬ ਇਬਨ ਮੁਕੱਰਮ ਅਬਦੁਲ ਰਸ਼ੀਦ ਫ਼ਾਰੂਕ਼ੀ ਸਾਹਿਬ ਆੱਫ ਕੈਨੇਡਾ ਜਿਨ੍ਹਾਂ ਦੀ ਉਨ੍ਹਾਂ ਦੇ ਆਪਣੇ ਘਰ ਵਿੱਚ ਡਾਕੂਆਂ ਨੇ ਗੋਲੀ ਮਾਰ ਕੇ ਜਾਨ ਲੈ ਲਈ।إنا لله وإنا إليه راجعون। ਆਪ ਹਜ਼ਰਤ ਅਕ਼ਦਸ ਮਸੀਹ ਮੌਊਦ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਦੇ ਸਹਾਬੀ ਹਜ਼ਰਤ ਮੌਲਵੀ ਕ਼ੁਦਰਤੁੱਲਾਹ ਸਾਹਿਬ ਸਨੌਰੀ ਅਤੇ ਹਜ਼ਰਤ ਮੌਲਵੀ ਮੁਹੰਮਦ ਹੁਸੈਨ ਸਾਹਿਬ ਦੇ ਪੜਨਵਾਸੇ ਸਨ।

ਹਜ਼ੂਰ ਅਨਵਰ ਨੇ ਮਰਹੂਮਾਂ ਦੀ **ਮਗ਼ਫ਼ਿਰਤ** ਅਤੇ ਦਰਜਿਆਂ ਦੀ ਬੁਲੰਦੀ ਦੇ ਲਈ ਦੁਆ ਕੀਤੀ ਅਤੇ **ਨਮਾਜ਼ਿ ਜਨਾਜ਼ਾ ਗ਼ਾਇਬ** ਅਦਾ ਕਰਨ ਦਾ ਐਲਾਨ ਫ਼ਰਮਾਇਆ।

أَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَ نَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ أَنْفُسِنَا وَمِنْ سَیِّاٰتِ أَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ ۞ وَنَشْھَدُ أَنْ لَّآ إِلٰہَ إِلَّا اللّٰہُ وَحْدَہٗ لَا شَرِیْكَ لَہٗ وَنَشْھَدُ أَنَّ مُحَمَّدًا عَبْدُہٗ وَ رَسُوْلُہٗ ۞ عِبَادَ اللّٰہِ رَحِمَکُمُ اللّٰہِ إِنَّ اللّٰہَ یَأْمُرُ بِالْعَدْلِ وَالْإِحْسَانِ وَ إِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ أُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ أَکْبَرُ ۞